**ਡਾਇਰੈਕਟੋਰੇਟ**
**ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ, ਭਲਾਈ ਵਿਭਾਗ, ਪੰਜਾਬ,**
**<u>ਐਸ.ਸੀ.ਓ. 128-129 ਸੈਕਟਰ 34-ਏ, ਚੰਡੀਗੜ੍ਹ</u>**
**ਟੈਲੀਫੋਨ ਨੰ: 2600588, 2602912 (ਫੈਕਸ)**

ਸੇਵਾ ਵਿਖੇ

1. ਡਾਇਰੈਕਟਰ,
   ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
   ਪੰਜਾਬ, ਚੰਡੀਗੜ੍ਹ;
2. ਡੀ.ਪੀ.ਆਈ (ਕਾਲਜਿਜ),
   ਪੰਜਾਬ, ਚੰਡੀਗੜ੍ਹ।
3. ਡਾਇਰੈਕਟਰ,
   ਖੋਜ ਅਤੇ ਮੈਡੀਕਲ ਸਿਖਿਆ ਵਿਭਾਗ,
   ਪੰਜਾਬ,ਚੰਡੀਗੜ੍ਹ;
4. ਡੀ.ਪੀ.ਆਈ (ਸਕੂਲਜ਼),
   ਸਾਹਿਬਜਾਦਾ ਅਜੀਤ ਸਿੰਘ ਨਗਰ
5. ਡਾਇਰੈਕਟਰ,
   ਐਸ.ਸੀ.ਈ.ਆਰ.ਟੀ,
   ਚੰਡੀਗੜ੍ਹ।
6. ਡਾਇਰੈਕਟਰ,
   ਪਸ਼ੂ ਪਾਲਣ ਵਿਭਾਗ, ਪੰਜਾਬ,
   ਚੰਡੀਗੜ੍ਹ।
7. ਡਾਇਰੈਕਟਰ,
   ਖੇਤੀ ਬਾੜੀ ਵਿਭਾਗ,
   ਪੰਜਾਬ, ਚੰਡੀਗੜ੍ਹ।

ਮੀਮੋ ਨੰ: ਸ-17/ 49478 - 84
ਮਿਤੀ, ਚੰਡੀਗੜ੍ਹ 20/12/14

ਵਿਸ਼ਾ: **ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ./ਓ.ਬੀ.ਸੀ. ਸਕੀਮਾਂ ਅਧੀਨ ਸਕਾਲਰਸ਼ਿਪ ਅਪਲਾਈ ਕਰਨ ਸਮੇਂ ਨੌਕਰੀ ਪੇਸ਼ਾ ਪਰਿਵਾਰਾਂ ਦੇ ਬੱਚਿਆਂ ਤੋਂ ਪੇ-ਸਲਿੱਪ ਲੈਣ ਸਬੰਧੀ।**

ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ/ਓ.ਬੀ.ਸੀ. ਸਕੀਮਾਂ ਤਹਿਤ ਯੋਗ ਵਿਦਿਆਰਥੀਆਂ ਦੇ ਮਾਪਿਆਂ ਦੀ ਸਾਲਾਨਾ ਆਮਦਨ ਐਸ.ਸੀ ਲਈ 2.50 ਲੱਖ ਅਤੇ ਓ.ਬੀ.ਸੀ. ਲਈ 1.00 ਲੱਖ ਰੁਪਏ ਤੋਂ ਵੱਧ ਨਾ ਹੋਵੇ, ਸਕੀਮ ਅਧੀਨ ਲਾਭ ਦਿੱਤਾ ਜਾਂਦਾ ਹੈ। ਮਿਤੀ 11-11-2014 ਨੂੰ ਮਾਨਯੋਗ ਸਕੱਤਰ ਭਲਾਈ ਜੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੌਰਾਨ ਜਿਲ੍ਹਾ ਭਲਾਈ ਅਫਸਰਾਂ ਵਲੋਂ ਉਨ੍ਹਾਂ ਦੇ ਧਿਆਨ ਵਿਚ ਲਿਆਂਦਾ ਗਿਆ ਕਿ ਉਨ੍ਹਾਂ ਵੱਲੋਂ ਵੱਖ ਵੱਖ ਸੰਸਥਾਵਾਂ ਦੀ ਚੈਕਿੰਗ ਦੌਰਾਨ ਨੋਟਿਸ ਵਿਚ ਆਇਆ ਹੈ ਕਿ ਸਕੀਮ ਅਧੀਨ ਜਿਹੜੇ ਵਿਦਿਆਰਥੀ ਦੇ ਮਾਪੇ ਨੌਕਰੀ ਪੇਸ਼ਾ ਹਨ, ਉਨ੍ਹਾਂ ਵਲੋਂ ਵੀ ਹਲਫੀਆ ਬਿਆਨ ਦਿੱਤਾ ਜਾ ਰਿਹਾ ਹੈ, ਜਿਸ ਸਬੰਧੀ ਮਾਨਯੋਗ ਸਕੱਤਰ ਭਲਾਈ ਜੀ ਵੱਲੋਂ ਹਦਾਇਤ ਕੀਤੀ ਗਈ ਹੈ ਕਿ ਜਿਨ੍ਹਾਂ ਵਿਦਿਆਰਥੀਆਂ ਦੇ ਮਾਪੇ ਸਰਕਾਰੀ/ਪ੍ਰਾਈਵੇਟ ਨੌਕਰੀ ਕਰਦੇ ਹਨ, ਉਨ੍ਹਾਂ ਵਿਦਿਆਰਥੀਆਂ ਤੋਂ ਸਕਾਲਰਸ਼ਿਪ ਅਪਲਾਈ ਕਰਨ ਸਮੇਂ, ਸਬੰਧਤ ਵਿਭਾਗ ਵਲੋਂ ਨਾਮਜ਼ਦ ਕੀਤੀਆਂ ਸੈਂਕਸ਼ਨਿੰਗ ਅਥਾਰਟੀਆਂ ਸਕਾਲਰਸ਼ਿਪ ਦੇ ਕੇਸ ਸੈਂਕਸ਼ਨ ਕਰਨ ਤੋਂ ਪਹਿਲਾਂ ਉਨ੍ਹਾਂ ਵਿਦਿਆਰਥੀਆਂ ਤੋਂ, ਮਾਪਿਆਂ ਦੀਆਂ ਪੇ-ਸਲਿੱਪਾਂ ਆਮਦਨ ਦੇ ਸਬੂਤ ਵਜੋਂ ਲੈਣਾ ਯਕੀਨੀ ਬਣਾਉਣ। ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪਣੇ ਅਧੀਨ ਸੰਸਥਾਵਾਂ ਅਤੇ ਸੈਂਕਸ਼ਨਿੰਗ ਅਥਾਰਟੀਆਂ ਨੂੰ ਲੋੜੀਂਦੀਆਂ ਹਦਾਇਤਾਂ ਜਾਰੀ ਕੀਤੀਆਂ ਜਾਣ।

ਵਧੀਕ ਡਾਇਰੈਕਟਰ

ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ: ਸਿ:), ਐਸ. ਏ. ਐਸ. ਨਗਰ
ਵਜੀਫਾ ਸਾਖਾ

ਪਿੱਠ ਅੰਕਣ ਨੰ: 26/1-14 ਵ(3) ਮਿਤੀ : 26-12-2014

ਡਾਇਰੈਕਟਰ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ੍ਰੇਣੀਆ ਭਲਾਈ ਵਿਭਾਗ ਪੰਜਾਬ , ਚੰਡੀਗੜ੍ਹ ਤੋਂ ਪ੍ਰਾਪਤ ਪੱਤਰ ਦਾ ਉਤਾਰਾ ਮੂਲ ਰੂਪ ਵੱਚ ਹੇਠ ਲਿਖਿਆਂ ਨੂੰ ਇੰਨ ਬਿੰਨ ਪਾਲਣਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1) ਸਮੂਹ ਮੰਡਲ ਸਿੱਖਿਆ ਅਫਸਰ (ਸੈ: ਸਿ:), ਨਾਭਾ, ਫਰੀਦਕੋਟ ਅਤੇ ਜਲੰਧਰ
2) ਸਮੂਹ ਜਿਲ੍ਹਾਂ ਸਿੱਖਿਆ ਅਫਸਰ (ਸੈ: ਸਿ:)
3) ਸਮੂਹ ਸਕੂਲ ਮੁਖੀ/ ਸਮੂਹ ਪ੍ਰਿੰਸੀਪਲ (ਸੈ: ਸਿ:)

26/12/14
**ਵਿਸੇਸ ਕਾਰਜ ਅਫਸਰ (ਵਜੀਫਾ)**